## ਮਨੋਰਥ

Alta California Regional Center, ਬੁੱਧੀ ਅਤੇ/ ਜਾਂ ਵਿਕਾਸ ਨਾਲ ਸੰਬੰਧਿਤ ਅਪਾਹਜਤਾਵਾਂ (ਡਿਸਏਬਿਲਟੀਜ਼) ਵਾਲੇ ਸਾਰੇ ਯੋਗ ਵਿਅਕਤੀਆਂ, ਖਤਰੇ ਵਾਲੇ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ, ਉਨ੍ਹਾਂ ਦੀਆਂ ਆਪਣੀਆਂ ਕਮਿਉਨਟੀਆਂ ਵਿਚ ਤਸੱਲੀਬਖਸ਼ ਰਹਿਣੀ-ਬਹਿਣੀ ਹਾਸਲ ਕਰਨ ਲਈ ਜ਼ਿੰਦਗੀ ਭਰ ਦੀ ਵਿਉਂਤਬੰਦੀ ਰਾਹੀਂ ਸੇਵਾਵਾਂ ਅਤੇ ਮਦਦਾਂ ਦੀ ਚੋਣ ਕਰਨ ਲਈ ਭਾਈਵਾਲੀਆਂ ਕਾਇਮ ਕਰਦਾ ਹੈ ਅਤੇ ਇਨ੍ਹਾਂ ਨੂੰ ਕਾਇਮ ਰੱਖਦਾ ਹੈ।

## ਸੁਪਨਾ

ਅਜਿਹੀ ਕਮਿਉਨਟੀ ਜਿੱਥੇ ਬੁੱਧੀ ਅਤੇ/ਜਾਂ ਵਿਕਾਸ ਨਾਲ ਸੰਬੰਧਿਤ ਅਪਾਹਜਤਾਵਾਂ ਵਾਲੇ ਸਾਰੇ ਲੋਕ ਮਹੱਤਵਪੂਰਨ ਮੈਂਬਰ ਹੋਣ ਅਤੇ ਉਨ੍ਹਾਂ ਨਾਲ ਮਾਣ ਅਤੇ ਆਦਰ ਵਾਲਾ ਵਰਤਾਉ ਹੋਵੇ।

## Alta ਕਿੱਥੇ ਹੈ?

Alta California Regional Center ਦੇ ਅੱਠ ਦਫਤਰ ਹਨ। ਮਦਦ ਜਾਂ ਜਾਣਕਾਰੀ ਲੱਭ ਰਹੇ ਲੋਕਾਂ ਨੂੰ ਨੇੜੇ ਦੇ ਦਫਤਰ ਨੂੰ ਫੋਨ ਕਰਨਾ ਚਾਹੀਦਾ ਹੈ।

**GRASS VALLEY**
333 Crown Point Circle,
Suite 200
Grass Valley, CA 95945
(530) 272-4231 {ਵੋਆਇਸ}
(530) 272-4637 {ਫੈਕਸ}
*[Nevada ਅਤੇ Sierra ਕਾਉਂਟੀਜ਼ ]*

**PLACERVILLE**
344 Placerville Drive, Suite 1
Placerville, CA 95667
(530) 626-1353 {ਵੋਆਇਸ}
(530) 626-0162 {ਫੈਕਸ}
*[ ਵੈੱਸਟ El Dorado ਕਾਉਂਟੀ ]*

**ROSEVILLE**
**516 Gibson Drive,**
Suite 150
Roseville, CA 95678
(916) 437-6900 {ਵੋਆਇਸ}
(916) 978-6583 {ਫੈਕਸ}
*[Placer ਕਾਉਂਟੀ]*

**TRUCKEE**
13450 Donner Pass Road,
Suite B
Truckee, CA 96161
**ਚਿੱਠੀ ਪੱਤਰ**: PO Box 11049
Truckee, CA 96162
(530) 414-8471 {ਵੋਆਇਸ}
(530) 550-2217 {ਫੈਕਸ}
*[Sierra, Nevada, ਅਤੇ Placer ਕਾਉਂਟੀਜ਼ ]*

**SACRAMENTO**
2241 Harvard Street, Suite 100
Sacramento, CA 95815
(916) 978-6400 {ਵੋਆਇਸ}
(916) 489-4241 {ਟੀ ਡੀ ਡੀ}
(916) 489-1033 {ਫੈਕਸ}
*[Sacramento ਕਾਉਂਟੀ ]*

**SOUTH LAKE TAHOE**
Starlake Building
2489 Lake Tahoe Boulevard
Suite 1
South Lake Tahoe, CA 96150
(530) 314-5970 {ਵੋਆਇਸ}
(530) 314-5971 {ਫੈਕਸ}
*[Alpine, Placer, Nevada, ਅਤੇ ਈਸਟਰਨ El Dorado ਕਾਉਂਟੀਜ਼ ]*

**WOODLAND**
250 West Main Street,
Suite 100
Woodland, CA 95695
(530) 666-3391 {ਵੋਆਇਸ}
(530) 666-3831 {ਫੈਕਸ}
*[Yolo ਕਾਉਂਟੀ ]*

**YUBA CITY**
950 Tharp Road, Suite 202
Yuba City, CA 95993
(530) 674-3070 {ਵੋਆਇਸ}
(530) 674-7228 {ਫੈਕਸ}
*[Sutter, Yuba, ਅਤੇ Colusa ਕਾਉਂਟੀਜ਼ ]*

ACRC ਦਾ ਵੈੱਬਸਾਈਟ:
*www.altaregional.org*

2018 - Punjabi

ALTA CALIFORNIA REGIONAL CENTER

ਵਿਕਾਸ ਨਾਲ ਸੰਬੰਧਿਤ ਅਪਾਹਜਤਾਵਾਂ ਵਾਲੇ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸੇਵਾ ਕਰਦੇ ਹੋਏ

# Alta California Regional Center

*www.altaregional.org*

## Alta California Regional Center ਕੀ ਹੈ?

Alta California Regional Center (Alta) ਕਮਿਊਨਟੀ ਵਿਚ ਇਕ ਅਜਿਹੀ ਏਜੰਸੀ ਹੈ ਜਿਸ ਰਾਹੀਂ ਵਿਕਾਸ ਨਾਲ ਸੰਬੰਧਿਤ ਅਪਾਹਜਤਾਵਾਂ ਵਾਲੇ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ, ਆਪਣੀਆਂ ਵੱਖਰੀਆਂ ਲੋੜਾਂ ਪੂਰੀਆਂ ਕਰਨ ਲਈ ਜ਼ਰੂਰੀ ਪਬਲਿਕ ਅਤੇ ਪ੍ਰਾਈਵੇਟ ਸੇਵਾਵਾਂ ਦੀ ਵਰਤੋਂ ਕਰਨ ਵਿਚ ਮਦਦ ਹੁੰਦੀ ਹੈ।

Alta ਕੈਲੇਫੋਰਨੀਆ ਵਿਚ Lanterman Mental Retardation Services Act ਵਲ 1969 ਵਿਚ ਸਥਾਪਤ ਕੀਤੇ ਗਏ 21 ਇਲਾਕਾਈ ਸੈਂਟਰਾਂ ਦੇ ਨੈੱਟਵਰਕ ਵਿੱਚੋਂ ਇਕ ਹੈ। Alta ਇਕ ਪ੍ਰਾਈਵੇਟ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀ ਕਾਰਪੋਰੇਸ਼ਨ ਹੈ ਜਿਹੜੀ ਵਿਕਾਸ ਨਾਲ ਸੰਬੰਧਿਤ ਸੇਵਾਵਾਂ ਦੇ ਕੈਲੇਫੋਰਨੀਆ ਦੇ ਵਿਭਾਗ (California Department of Developmental Services) ਨਾਲ ਠੇਕੇ ਹੇਠ ਕੰਮ ਕਰ ਰਹੀ ਹੈ।

## Alta ਦੀਆਂ ਸੇਵਾਵਾਂ ਲੈਣ ਲਈ ਕੌਣ ਯੋਗ ਹੈ?

Alpine, Colusa, El Dorado, Nevada, Placer, Sacramento, Sierra, Sutter, Yolo ਜਾਂ Yuba ਕਾਉਂਟੀਜ਼ ਦਾ ਕੋਈ ਵੀ ਵਸਨੀਕ ਜਿਸ ਨੂੰ ਵਿਕਾਸ ਨਾਲ ਸੰਬੰਧਿਤ ਅਪਾਹਜਤਾ ਹੋਣ ਦਾ ਪਤਾ ਹੈ ਜਾਂ ਸ਼ੱਕ ਹੈ, Alta ਤੋਂ ਸੇਵਾਵਾਂ ਲੈਣ ਲਈ ਯੋਗ ਹੈ।

Lanterman Developmental Disabilities Act (AB846) ਮੁਤਾਬਕ "**ਵਿਕਾਸ ਨਾਲ ਸੰਬੰਧਿਤ ਅਪਾਹਜਤਾ**" ਦਾ ਮਤਲਬ ਉਹ ਅਪਾਹਜਤਾ ਹੈ ਜਿਹੜੀ ਦਿਮਾਗੀ ਢਿੱਲੇਪਨ, ਸੈਰੀਬਰਾਲ ਪੌਲਜ਼ੀ, ਮਿਰਗੀ, ਔਟਿਜ਼ਮ ਕਰਕੇ ਹੈ ਜਾਂ ਅਪਾਹਜਤਾ ਵਾਲੀ ਕਿਸੇ ਹੋਰ ਹਾਲਤ ਕਰਕੇ ਹੈ ਜੋ ਕਿ ਦਿਮਾਗੀ ਢਿੱਲੇਪਨ ਨਾਲ ਨੇੜਿਉਂ ਸੰਬੰਧਿਤ ਹੈ ਜਾਂ ਜਿਸ ਲਈ ਅਜਿਹੇ ਇਲਾਜ ਦੀ ਲੋੜ ਹੈ ਜਿਹੜਾ ਇਲਾਜ ਦਿਮਾਗੀ ਢਿੱਲੇਪਨ ਵਾਲੇ ਵਿਅਕਤੀਆਂ ਦੇ ਇਲਾਜ ਵਰਗਾ ਹੈ। ਅਜਿਹੀ ਅਪਾਹਜਤਾ 18 ਸਾਲ ਦੀ ਉਮਰ ਤੋਂ ਪਹਿਲਾਂ ਸ਼ੁਰੂ ਹੋਣੀ ਜ਼ਰੂਰੀ ਹੈ ਅਤੇ ਅਣਮਿੱਥੇ ਸਮੇਂ ਲਈ ਜਾਰੀ ਰਹਿਣੀ ਜਾਂ ਜਾਰੀ ਰਹਿਣ ਦਾ ਖਦਸ਼ਾ ਹੋਣਾ ਜ਼ਰੂਰੀ ਹੈ ਅਤੇ ਇਹ ਅਜਿਹੇ ਵਿਅਕਤੀਆਂ ਲਈ ਇਕ ਬਹੁਤ ਵੱਡੀ ਰੁਕਾਵਟ ਬਣਦੀ ਹੈ।

Alta ਇਹ ਸੇਵਾਵਾਂ ਜਾਂ ਹੋਰ ਫਾਇਦੇ ਦੇਣ ਵਿਚ ਆਮਦਨ, ਨਸਲ, ਰੰਗ, ਸੈਕਸ, ਧਰਮ, ਸਿਧਾਂਤ, ਪਿਛੋਕੜ ਜਾਂ ਰਾਜਨੀਤਕ ਦਰਜੇ ਦੇ ਆਧਾਰ 'ਤੇ ਕੋਈ ਵਿਤਕਰਾ ਨਹੀਂ ਕਰਦਾ ਜਾਂ ਇਹ ਦੇਣ ਤੋਂ ਨਾਂਹ ਨਹੀਂ ਕਰਦਾ।

## Alta ਕਿਹੜੀ ਮਦਦ ਕਰ ਸਕਦਾ ਹੈ?

- ਵਿਕਾਸ ਨਾਲ ਸੰਬੰਧਿਤ ਅਪਾਹਜਤਾਵਾਂ ਬਾਰੇ ਕਮਿਊਨਟੀ ਨੂੰ ਸਿੱਖਿਆ
- ਕਮਿਊਨਟੀ ਵਿਚਲੇ ਵਸੀਲਿਆਂ ਦਾ ਵਿਕਾਸ
- ਵਿਕਾਸ ਨਾਲ ਸੰਬੰਧਿਤ ਅਪਾਹਜਤਾਵਾਂ ਵਾਲੇ ਲੋਕਾਂ ਨੂੰ ਸੇਵਾਵਾਂ ਦੇ ਰਹੀਆਂ ਸਰਕਾਰੀ ਅਤੇ ਪ੍ਰਾਈਵੇਟ ਏਜੰਸੀਆਂ ਨੂੰ ਸਲਾਹ-ਮਸ਼ਵਰਾ
- ਯੋਗ ਕਲਾਇੰਟਾਂ ਲਈ ਜ਼ਿੰਦਗੀ ਭਰ ਸੇਵਾਵਾਂ
- ਸਲਾਹ-ਮਸ਼ਵਰੇ ਦੀ ਮਦਦ/ਰੈਫਰਲ
- ਰੋਗ ਦੀ ਪਛਾਣ ਅਤੇ ਇਵੈਲੂਏਸ਼ਨ
- ਵਿਕਾਸ ਨਾਲ ਸੰਬੰਧਿਤ ਅਪਾਹਜਤਾਵਾਂ ਵਾਲੇ ਬਾਲਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਅਗੇਤੀ ਦਖਲਅੰਦਾਜ਼ੀ ਦੀਆਂ ਸੇਵਾਵਾਂ
- ਅਦਾਲਤਾਂ ਅੱਗੇ ਪੇਸ਼ ਹੋ ਰਹੇ ਇਲਾਕਾਈ ਸੈਂਟਰ ਦੇ ਕਲਾਇੰਟਾਂ ਲਈ ਮਾਹਰਾਂ ਦੇ ਸਬੂਤ
- ਜੈਨੇਟਿਕ ਕੌਂਸਲਿੰਗ ਲਈ ਭੇਜਣਾ
- ਪ੍ਰੋਗਰਾਮ ਦੀ ਨਿੱਜੀ ਪਲੈਨਿੰਗ (IPP)
- ਜਾਣਕਾਰੀ ਅਤੇ ਰੈਫਰਲ
- ਗਰਭ ਦੌਰਾਨ ਰੋਗ ਦੀ ਪਛਾਣ
- ਜ਼ਰੂਰੀ ਸੇਵਾਵਾਂ ਦੀ ਖਰੀਦ
- ਸਰਵਿਸ ਦਾ ਤਾਲਮੇਲ (ਕੇਸ ਮੈਨੇਜਮੈਂਟ)

## Alta ਕਿਹੜੀਆਂ ਸੇਵਾਵਾਂ ਖਰੀਦਦਾ ਹੈ?

ਕਈ ਕਿਸਮਾਂ ਦੀਆਂ ਸੇਵਾਵਾਂ ਖਰੀਦੀਆਂ ਜਾ ਸਕਦੀਆਂ ਹਨ ਜੋ ਕਿ ਕਲਾਇੰਟ ਦੀਆਂ ਲੋੜਾਂ ਉੱਪਰ ਅਤੇ ਸਟੇਟ ਅਤੇ ਫੈਡਰਲ ਸਰਕਾਰਾਂ ਤੋਂ ਮਿਲਣ ਵਾਲੇ ਫੰਡਾਂ 'ਤੇ ਨਿਰਭਰ ਕਰਦੀਆਂ ਹਨ। ਇਸ ਦੇ ਇਲਾਵਾ, ਕੋਈ ਖਰੀਦ ਕਰਨ ਤੋਂ ਪਹਿਲਾਂ ਫੰਡਾਂ ਦੇ ਉਪਲਬਧ ਬਦਲਵੇਂ ਸ੍ਰੋਤਾਂ (ਆਮ ਸ੍ਰੋਤਾਂ) ਦੀ ਪਛਾਣ ਕਰਨਾ ਅਤੇ ਇਹ ਹਾਸਲ ਕਰਨ ਦੀ ਕੋਸ਼ਿਸ਼ ਕਰਨਾ Alta ਦੀ ਕਾਨੂੰਨੀ ਜ਼ਿੰਮੇਵਾਰੀ ਹੈ। Alta ਵਲੋਂ ਖਰੀਦੀਆਂ ਗਈਆਂ ਸੇਵਾਵਾਂ ਕਲਾਇੰਟ ਦੀ ਵਿਕਾਸ ਨਾਲ ਸੰਬੰਧਿਤ ਅਪਾਹਜਤਾ ਅਤੇ ਲੋੜ ਦੀ ਅਸੈੱਸਮੈਂਟ ਨਾਲ ਸੰਬੰਧਿਤ ਹੋਣੀਆਂ ਜ਼ਰੂਰੀ ਹਨ। ਕੁਝ ਜ਼ਿਆਦਾ ਆਮ ਖਰੀਦੀਆਂ ਜਾਂਦੀਆਂ ਸੇਵਾਵਾਂ ਇਹ ਹਨ:

- 24 ਘੰਟੇ ਘਰ ਤੋਂ ਬਾਹਰ ਸੰਭਾਲ
- ਬਾਲਗਾਂ ਦੇ ਦਿਨ ਦੇ ਪ੍ਰੋਗਰਾਮ
- ਆਜ਼ਾਦ ਰਹਿਣੀ ਦੀਆਂ ਸੇਵਾਵਾਂ
- ਆਰਾਮ ਦਿਵਾਉਣ ਲਈ ਸੰਭਾਲ
- ਲਿਜਾਣਾ-ਲਿਆਉਣਾ

## Alta ਦੀਆਂ ਸੇਵਾਵਾਂ ਦਾ ਕਿੰਨਾ ਖਰਚਾ ਹੈ?

ਹੱਕਦਾਰੀ ਲਈ ਪਛਾਣ ਅਤੇ ਅਸੈੱਸਮੈਂਟ ਕਰਨ ਦੌਰਾਨ ਵਰਤੀਆਂ ਜਾਣ ਵਾਲੀਆਂ ਸੇਵਾਵਾਂ ਦਾ ਕੋਈ ਖਰਚਾ ਨਹੀਂ ਹੈ। ਕੈਲੇਫੋਰਨੀਆ ਸਟੇਟ ਇਸ ਵੇਲੇ ਇਹ ਮੰਗ ਕਰਦੀ ਹੈ ਕਿ 18 ਸਾਲ ਤੋਂ ਘੱਟ ਉਮਰ ਦੇ ਉਨ੍ਹਾਂ ਬੱਚਿਆਂ ਦੇ ਮਾਪੇ ਜਿਹੜੇ ਬੱਚੇ 24 ਘੰਟੇ ਘਰ ਤੋਂ ਬਾਹਰ ਰੱਖੇ ਜਾਂਦੇ ਹਨ, ਬੱਚਿਆਂ ਨੂੰ ਰੱਖਣ ਦੇ ਖਰਚੇ ਦਾ ਕੁਝ ਹਿੱਸਾ ਸਟੇਟ ਨੂੰ ਵਾਪਸ ਦੇਣ, ਅਤੇ ਵਾਪਸ ਦਿੱਤੇ ਜਾਣ ਵਾਲੇ ਇਹ ਪੈਸੇ ਉਨ੍ਹਾਂ ਦੀ ਸਮਰਥਾ ਮੁਤਾਬਕ ਹਨ। ਘਰ ਵਿਚ ਰਹਿ ਰਹੇ 3 ਤੋਂ 17 ਸਾਲ ਦੇ ਬੱਚਿਆਂ ਦੇ ਮਾਪਿਆਂ ਲਈ, ਜਿਹੜੇ ਮਾਪੇ ਆਪਣੇ ਆਪ ਨੂੰ ਆਰਾਮ ਦਿਵਾਉਣ ਲਈ ਮਦਦ ਅਤੇ ਡੇਅ ਕੇਅਰ ਲੈ ਰਹੇ ਹਨ, ਉਨ੍ਹਾਂ ਨੂੰ ਖਰਚੇ ਦਾ ਹਿੱਸਾ ਦੇਣਾ ਪੈ ਸਕਦਾ ਹੈ ਜੋ ਕਿ ਫੈਮਿਲੀ ਕੌਸਟ ਪਾਰਟੀਸੀਪੇਸ਼ਨ ਪਲੈਨ (FCPP)'ਤੇ ਆਧਾਰਿਤ ਹੁੰਦਾ ਹੈ। ਇਹ ਕਾਨੂੰਨ ਜੋ ਕਿ 1 ਜਨਵਰੀ, 2005 ਨੂੰ ਪਾਸ ਹੋਇਆ ਸੀ FCPP ਤਿਆਰ ਕਰਦਾ ਹੈ ਅਤੇ ਪਰਿਵਾਰਾਂ ਦਾ ਹਿਸਾਬ FCPP ਦੀ ਕਸੌਟੀ, ਪਰਿਵਾਰ ਦੇ ਸਾਈਜ਼, ਪਰਿਵਾਰ ਵਿਚ ਕਲਾਇੰਟਾਂ ਦੀ ਗਿਣਤੀ ਅਤੇ ਆਮਦਨ ਦੇ ਪੱਧਰ ਮੁਤਾਬਕ ਲਗਾਇਆ ਜਾਵੇਗਾ। ਸਲਾਨਾ ਫੈਮਿਲੀ ਪ੍ਰੋਗਰਾਮ ਫੀਸ (AFPF) ਵੀ ਹੈ। AFPF 18 ਸਾਲ ਤੋਂ ਘੱਟ ਉਮਰ ਦੇ ਉਨ੍ਹਾਂ ਬੱਚਿਆਂ ਵਾਲੇ ਸਾਰੇ ਪ੍ਰੋਗਰਾਮਾਂ 'ਤੇ ਲਾਗੂ ਹੁੰਦੀ ਹੈ ਜਿਹੜੇ ਕੇਸ ਮੈਨੇਜਮੈਂਟ ਤੋਂ ਅਗਾਂਹ ਸੇਵਾਵਾਂ ਲੈ ਰਹੇ ਹਨ। ਪਰਿਵਾਰਾਂ ਤੋਂ ਫੀਸ ਆਮਦਨ ਦੇ ਪੱਧਰਾਂ ਮੁਤਾਬਕ ਲਈ ਜਾਂਦੀ ਹੈ ਅਤੇ ਫੀਸ ਪ੍ਰਤੀ ਸਾਲ 150 ਡਾਲਰ ਜਾਂ 200 ਡਾਲਰ ਹੁੰਦੀ ਹੈ।